# ਧਰਨੀ ਜਿਨਿ ਥਾਪੀ

**ਗੇਰੀ ਕੇ ਚਿਤ੍ਰ ਲਗਾਇ ਤਨੈ ਸਿਰ ਪੰਖ ਧਰਿਯੋ ਭਗਵਾਨ ਕਲਾਪੀ॥**
**ਲਾਇ ਤਨੈ ਹਰਿ ਤਾ ਮੁਰਲੀ ਮੁਖਿ ਲੋਕ ਭਯੋ ਜਿਹ ਕੋ ਸਭ ਜਾਪੀ॥**

ਇਹ ਪਦੇ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਸਨਾ ਤੋਂ ਉਚਾਰਣ ਕੀਤੀ ਬਾਣੀ, 'ਕ੍ਰਿਸਨਾਵਤਾਰ' ਵਿਚੋਂ ਲਏ ਗਏ ਹਨ। ਇਹ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹਨ। ਇਸ ਦੇ ਤੀਜੇ ਪਦੇ ਵਿਚ ਹੀ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ, ਕਾਲ (ਸਮੇਂ ਦਾ ਕਰਤਾ) ਪੁਰਖ ਜੀ ਦੇ ਬਚਨਾਂ ਨਾਲ, ਸੰਤ ਜਨਾਂ ਦੇ ਸਹਾਈ ਹੋਣ ਹਿਤ, ਸ੍ਰੀ ਕ੍ਰਿਸ਼ਨ ਜੀ ਦੇ, ਮਥੁਰਾ ਵਿਖੇ ਜਨਮ ਧਾਰਣ ਕਰਨ ਦਾ ਬਿਆਨ ਹੈ – 'ਕਾਲ ਪੁਰਖ ਕੇ ਬਚਨ ਤੇ ਸੰਤਨ ਹੇਤ ਸਹਾਇ॥ ਮਥੁਰਾ ਮੰਡਲ ਕੇ ਬਿਖੈ ਜਨਮੁ ਧਰੋ ਹਰਿ ਰਾਇ॥' ਇਥੇ, ਮਹਾਰਾਜ ਨੇ ਸ੍ਰੀ ਕ੍ਰਿਸ਼ਨ ਜੀ ਨੂੰ 'ਹਰਿ ਰਾਇ', ਆਪਣੇ ਹੀ ਇਕ ਨਾਂ ਨਾਲ ਸੰਬੋਧਨ ਕੀਤਾ ਹੈ। ਚੇਤੇ ਰਹੇ ਕਿ ਦਸਮ ਪਿਤਾ ਨੇ ਆਪਣੇ ਜਨਮ ਬਾਰੇ ਵੀ ਦਸਿਆ ਹੈ ਕਿ ਕਰਤਾ ਪੁਰਖ ਨੇ ਉਨ੍ਹਾਂ ਨੂੰ ਵੀ ਸੰਤ ਜਨਾਂ ਦੀ ਰਖਿਆ ਲਈ ਇਸ ਕਲਿਜੁਗ ਵਿਚ ਜਨਮ ਲੈਣ ਨੂੰ ਕਿਹਾ ਸੀ – 'ਤਿਨ ਪ੍ਰਭ ਜਬ ਆਇਸ ਮੁਹਿ ਦੀਯਾ॥ ਤਬ ਹਮ ਜਨਮ ਕਲੂ ਮਹਿ ਲੀਯਾ॥', ਬਚਿਤ੍ਰ ਨਾਟਕ। ਅਤੇ ਨਾਲ ਹੀ ਉਨ੍ਹਾਂ ਨੇ ਇਹ ਵੀ ਦਸਿਆ ਕਿ ਉਨ੍ਹਾਂ ਨੇ ਸੰਤ ਜਨਾਂ ਦੀ ਰਖਿਆ ਤੇ ਦੁਸ਼ਟਾਂ ਦਾ ਸੰਘਾਰ ਕਰਨ ਹਿਤ ਜਨਮ ਲਿਆ ਸੀ – 'ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥ ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨਿ॥'

These lines have been taken from the '**Krishnavtar**', the Dasam Granth Sahib, of Sri Guru Gobind Singh ji. In its 3rd very couplet, Guru Sahib tells that **Kaal Purakh, the Creator of Time, God, Asked Sri Krishna, to take birth in Mathura so as to emancipate the Devotees, the Bhagtas or saints from tyranny,** *op.cit.* God Himself addresses, Sri Krishna as '**Hari Rai**', meaning thereby, **His own Form**. Guru Gobind Singh has also mentioned in his autobiography, Bachitra Natak that **God Himself ordered him to take birth in this Kali-age just to protect the Devotees, the Bhagats or Saints and root out the tyrants.** *op.cit.*

**ਗੇਰੀ – ਲਾਲ ਰੰਗ ਦੀ ਮਿਟੀ; ਕਲਾਪੀ – ਮੋਰ ਖੰਭ; ਤਨੈ – ਤਨ ਤੇ; ਜਾਪੀ – ਜਪਣ ਯੋਗ ਨੂੰ ਜਪਣਾ**

**ਅਰਥ** : ਆਪਣੇ ਤਨ ਤੇ ਲਾਲ ਮਿਟੀ ਦੇ ਰੰਗ ਨਾਲ ਚਿਤ੍ਰਕਾਰੀ ਕੀਤੀ ਹੋਈ ਹੈ ਅਤੇ 'ਭਗਵਾਨ' ਜੀ (ਸ੍ਰੀ ਕ੍ਰਿਸ਼ਨ ਜੀ) ਨੇ ਸੀਸ ਤੇ ਮੋਰ ਖੰਭ ਧਾਰਣ ਕੀਤਾ ਹੋਇਆ ਹੈ।
ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ ਸ੍ਰੀ ਕ੍ਰਿਸ਼ਨ ਜੀ ਨੂੰ ਭਗਵਾਨ ਕਿਹਾ ਗਿਆ ਹੈ – 'ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਧ ਜਾਨਿਆ॥ ਤੁਮਰੋ ਦੂਧੁ ਬਿਦਰ ਕੋ ਪਾਨੋ੍ ਅੰਮ੍ਰਿਤੁ ਕਰਿ ਮੈ ਮਾਨਿਆ॥', ਅੰਕ ੧੧੦੫.

'**Bhagwan**', Lord Sri Krishna has done some painting, with the

yellowish red clay on parts of his body and has fixed one peacock feather over his head gear. In Guru Granth Sahib also, Sri Krishan ji has been referred to as ***Bhagwaan*** at page 1105.

– – ਹਰੀ, ਸੁਆਮੀ ਨੇ ਮੁਰਲੀ ਆਪਣੇ ਤਨ ਤੇ ਸਜਾਈ ਹੋਈ ਹੈ, ਜਿਸ ਜਪਣ ਯੋਗ ਨੂੰ, ਸਾਰੇ ਲੋਕ ਆਪਣੇ ਮੁਖ ਤੋਂ ਜਪਦੇ ਹਨ।

'**Hari**', Lord Krishna has attached a flute on his body, and He, the One Who is worth worshipping, all the people meditate upon His Name.

**ਫੂਲ ਗੁਛੇ ਸਿਰਿ ਖੋਸ ਲਏ ਤਰਿ ਰੂਖ ਖਰੋ ਧਰਨੀ ਜਿਨਿ ਥਾਪੀ॥**
**ਖੇਲਿ ਦਿਖਾਵਤ ਹੈ ਜਗ ਕੌ ਅਰੁ ਕੋਊ ਨਹੀ ਹੁਇ ਆਪ ਹੀ ਆਪੀ॥੧੬੭॥**

**ਖੋਸ – ਟੁੰਗ ਲਏ; ਤਰਿ – ਢੋਹ ਲਗਾ ਕੇ; ਥਾਪੀ – ਸਥਾਪਤ ਕੀਤੀ; ਅਰੁ ਕੋਊ – ਹੋਰ ਕੋਈ; ਆਪ ਹੀ ਆਪੀ – ਆਪਣੇ ਵਰਗਾ ਆਪ ਹੀ**

**ਅਰਥ** : ਜਿਸ ਨੇ ਇਹ 'ਧਰਨੀ' ਧਰਤੀ 'ਥਾਪੀ' ਸਥਾਪਤ ਕੀਤੀ ਹੈ, ਉਸ ਨੇ ਆਪਣੇ ਸੀਸ ਤੇ ਫੂਲਾਂ ਦੇ ਗੁਛੇ ਟੁੰਗੇ ਹੋਏ ਹਨ ਅਤੇ ਦਰੱਖਤ ਨਾਲ ਢੋਹ ਲਗਾ ਕੇ ਖਲੋਤੇ ਹਨ।

The One who has created this world, He has bedecked His head with bunches of flowers and is standing besides a tree.

– – ਉਹ ਜਗਤ ਨੂੰ ਖੇਡ ਦਿਖਾ ਰਹੇ ਹਨ। ਉਨ੍ਹਾਂ ਵਰਗਾ ਹੋਰ ਕੋਈ ਨਹੀਂ ਹੋਇਆ, ਉਹ **ਆਪਣੇ ਵਰਗੇ ਆਪ ਹੀ** ਹਨ।੧੬੭।

He is showing the world, His play. No one of His kind, has ever been borne. **He is the only One, of His kind.**167.

ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਦੇ, ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਸਾਹਿਬ) ਲਈ ਇਹੀ ਬਚਨ ਸਨ, ਕਿ '**ਇਨ੍ਹਾਂ ਵਰਗੇ ਤਾਂ ਇਹੀ ਹਨ**'।

Once, Sri Guru Amardas Sahib, used such words for Bhai Jetha ji (later, Guru Ramdas Sahib) that, **it is He only who is like Him**.

**ਕੋਊ ਡਰੈ ਹਰਿ ਕੇ ਮੁਖਿ ਗ੍ਰਾਸ ਠਗਾਇ ਕੋਊ ਅਪਣੇ ਮੁਖਿ ਡਾਰੇ॥**
**ਹੋਇ ਗਏ ਤਨ ਮੈ ਕਛੁ ਨਾਮਕ ਖੇਲ ਕਰੋ ਸੰਗਿ ਕਾਨ੍ਹਰ ਕਾਰੇ॥**

**ਅਰਥ** : ਸ੍ਰੀ ਕ੍ਰਿਸ਼ਨ ਜੀ ਦੇ ਨਾਲ ਦੇ ਸਖਾ ਉਨ੍ਹਾਂ ਨਾਲ ਖੇਡਾਂ ਕਰਦੇ ਹਨ। ਕੋਈ ਮੰਤਰ –ਮੁਗਧ ਹੋ ਕੇ, 'ਹਰਿ' ਹਰੀ ਪ੍ਰਭੂ ਦੇ ਮੁਖ ਵਿਚ ਗਰਾਹੀਆਂ ਪਾਉਂਦਾ ਹੈ ਅਤੇ ਕੋਈ ਖੇਡ ਖੇਡ ਵਿਚ, ਠਗੀ ਮਾਰ ਕੇ ਆਪਣੇ ਮੂੰਹ ਵਿਚ ਹੀ ਪਾ ਲੈਂਦਾ ਹੈ।

Companion-boys of Sri Krishna, play with Him always. Out of enchanted spell, some of them, put the morsels into the mouth of the **Hari** (ਹਰਿ), Sri Krishna while others, playing tricks with Him by putting in their own mouths instead.

– – ਸਾਰੇ ਬਾਲਕ ਸਾਂਵਲੇ ਸ੍ਰੀ ਕ੍ਰਿਸ਼ਨ ਜੀ ਨਾਲ ਖੇਡਾਂ ਵਿਚ ਇਤਨੇ ਮਸਤ ਹੋ ਗਏ ਕਿ ਆਪਣੇ ਤਨ ਮਨ ਦੀ ਸੁਧ ਬੁਧ ਹੀ ਨਾ ਰਹੀ ਅਤੇ ਵਛਿਆਂ ਵਲ ਵੀ ਧਿਆਨ ਨਾ ਦਿਤਾ।

All the Companion-boys were so absorbed in the play that they forgot all about themselves as well as their calves.

**ਤਾ ਛਿਨ ਲੈ ਬਛਰੇ ਬ੍ਰਹਮਾ ਇਕਠੇ ਕਰਿ ਕੈ ਸੁ ਕੁਟੀ ਮਧਿ ਡਾਰੇ॥**
**ਢੂੰਢਿ ਫਿਰੇ ਨ ਲਹੇ ਸੁ ਕਰੈ ਬਛਰੇ ਅਰੁ ਗ੍ਵਾਰ ਨਏ ਕਰਤਾਰੇ॥੧੭੭॥**

**ਅਰਥ** : ਦੂਜੇ ਪਾਸੇ, ਸ੍ਰੀ ਕ੍ਰਿਸ਼ਨ ਜੀ ਦੀ ਰੱਬੀਅਤ ਤੇ ਸ਼ੰਕਾ ਗ੍ਰਸਤ ਬ੍ਰਹਮਾ ਨੇ ਅਸਲੀਅਤ ਜਾਣਨ ਲਈ, ਸਾਰੇ ਵੱਛੇ ਤੇ ਗੁਆਰ (ਗੁਆਲੇ) ਸਾਥੀ ਵੀ, ਜਲਦੀ ਨਾਲ, ਇਕ ਕੁਟੀਆ (ਬ੍ਰਹਮਲੋਕ) ਵਿਚ ਬੰਦ ਕਰ ਦਿਤੇ।
Out of doubt on the Divinity of the Lord, Brahma, one of the gods, wanted to confirm His Divinity, collected the calves and His Gopa companions and shut them in some cave 'House of Brahma'.

-- ਪਹਿਲਾਂ ਤਾਂ, ਸ੍ਰੀ ਕ੍ਰਿਸ਼ਨ ਜੀ ਨੇ ਉਨ੍ਹਾਂ ਨੂੰ ਲਭਣ ਦੀ ਕੋਸ਼ਿਸ਼ ਕੀਤੀ। ਨਾ ਮਿਲਣ ਤੇ, ਫ਼ਿਰ ਅਸਲੀਅਤ ਜਾਣੀ, ਤਾਂ ਉਸ 'ਕਰਤਾਰ' ਨੇ ਆਪਣੇ ਤੋਂ ਹੀ ਉਹੋ ਜਿਹੇ ਹੀ ਨਵੇਂ ਵੱਛੇ ਅਤੇ ਗੁਆਰ ਬਾਲਕ ਸਾਜ ਦਿਤੇ।੧੭੭।
At first, Sri Krishna tried to find his Companion-boys, but when He found the fact otherwise, He, **the Creator**, created exactly similar calves and Companion-boys, out of Himself.177.
Sri Guru Gobind Singh has used the word '**Kartaar**' for Sri Krishna, meaning thereby the '**Creator God**'.

**ਦੋਹਰਾ ॥**
**ਜਬੈ ਹਰੇ ਬ੍ਰਹਮਾ ਇਹੈ ਤਬ ਹਰਿ ਜੀ ਤਤਕਾਲੁ॥**
**ਕਿਧੋ ਬਨਾਏ ਛਿਨਕੁ ਮੈ ਬਛਰੇ ਸੰਗਿ ਗਵਾਲ॥੧੭੮॥**

**ਅਰਥ :** ਅਗੋਂ ਦੋਹਰਾ ਹੈ, ਜੋ ਆਮ ਤੌਰ ਤੇ ਦੋ ਤੁਕਾਂ ਦਾ ਛੰਦ ਹੁੰਦਾ ਹੈ। ਜਦੋਂ ਬ੍ਰਹਮਾ ਨੇ ਉਨ੍ਹਾਂ ਸਾਰਿਆਂ ਦਾ ਹਰਣ ਕਰ ਲਿਆ ਤਾਂ ਤਤਕਾਲ ਹੀ 'ਹਰਿ ਜੀ' ਨੇ:

-- ਕਿਧੋ, ਭਾਵ, ਉਦੋਂ ਜਾਂ ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਨੇ ਇਕ ਖਿਨ ਵਿਚ, ਉਸੇ ਤਰ੍ਹਾਂ ਦੇ ਹੀ, ਵਛਿਆਂ ਦੇ ਨਾਲ ਹੀ ਗੁਆਲ ਬਾਲਕ ਵੀ ਬਣਾ ਲਏ।੧੭੮।
Dohra is normally a couplet. When Brahma kidnapped all, then '**Har ji**', God (Sri Krishna) instantly created, exactly similar, the calves and Gopas, the Companion-boys.178.

**ਸਵੈਯਾ ॥**
**ਰੂਪ ਉਹੀ ਪਟ ਕੇ ਰੰਗ ਹੈ ਵਹ ਰੰਗ ਵਹੈ ਸਬ ਹੀ ਬਛਰਾ ਕੋ॥**
**ਸਾਝ ਪਰੀ ਸੋ ਗਏ ਹਰਿ ਜੀ ਗ੍ਰਿਹਿ ਕੋਈ ਲਖੈ ਇਤਨੋ ਬਲ ਕਾ ਕੋ॥**

**ਅਰਥ** : ਸਵੈਯਾ, ਛੰਦ ਦਾ ਇਕ ਪ੍ਰਕਾਰ ਹੈ। ਸਾਰੇ ਬਾਲਕਾਂ ਦੇ ਉਹੀ ਰੂਪ, ਕਪੜਿਆਂ ਦੇ ਵੀ ਉਹੀ ਰੰਗ ਅਤੇ ਇਸੇ ਤਰ੍ਹਾਂ ਹੀ ਵਛਿਆਂ ਦੇ ਵੀ ਉਹੀ ਰੂਪ ਰੰਗ ਸਨ।
**Swayya** is one kind of Chhand, a kind of Punjabi poetry. All the

boys were exactly of the same form and wearing the same clothes, including, their same colours. Likewise, the calves were also exactly similar, in colours too, as those who were kidnapped.

– – ਸ਼ਾਮ ਪੈਣ ਤੇ ਜਦੋਂ 'ਹਰਿ ਜੀ' ਘਰ ਵਾਪਸ ਆਏ ਤਾਂ ਕਿਸੇ ਦੀ ਕੀ ਮਜਾਲ ਕਿ ਕੋਈ ਇਸ ਭੇਦ ਨੂੰ ਸਮਝ ਸਕੇ।

When evening fell, '**Har Ji**', the Lord returned home, none had the power to know the secrecy or the extent of the Lord, or who is there to adjudge His powers !

ਦਸਵੇਂ ਪਾਤਸ਼ਾਹ, ਵਾਰ ਵਾਰ, ਸ੍ਰੀ ਕ੍ਰਿਸ਼ਨ ਜੀ ਨੂੰ 'ਹਰਿ ਰਾਇ', ਹਰਿ ਜੀ', 'ਭਗਵਾਨ', 'ਕਰਤਾਰ', 'ਕਰੁਣਾ ਨਿਧਿ', 'ਜਗ ਕੇ ਪਤਿ', 'ਅਚੁਤ' ਆਦਿ ਕਹਿ ਰਹੇ ਹਨ ਤਾਂ ਫ਼ਿਰ ਜੇ ਗੁਰੂ ਗ੍ਰੰਥ ਸਾਹਿਬ ਵਿਚ ਵੀ ਉਨ੍ਹਾਂ ਨੂੰ 'ਮੋਹਨ', 'ਮਾਧਵ', 'ਠਾਕੁਰ', 'ਮੁਰਾਰੀ', 'ਰਮਈਆ', 'ਕਵਲਾਪਤੀ' 'ਸ੍ਰੀ ਨਾਰਾਇਨਾ' 'ਨਾਮੇ ਕਾ ਸੁਆਮੀ' ਅਤੇ ਭਾਈ ਗੁਰਦਾਸ ਜੀ ਨੇ 'ਹਰਿ ਜੀ', 'ਜਗਦੀਸ' ਅਤੇ 'ਠਾਕੁਰ' ਆਦਿ ਕਹਿ ਦਿਤਾ ਤਾਂ ਕਿਸੇ ਨੂੰ ਕੀ ਇਤਰਾਜ਼ ! ਗੁਰਬਾਣੀ ਵਿਚ ਭੱਟ ਸਾਹਿਬਾਨ ਨੇ ਤਾਂ ਉਨ੍ਹਾਂ ਦੀ ਉਪਮਾ ਕਰਦਿਆਂ, ਉਨ੍ਹਾਂ ਨੂੰ ਕਈ ਵੇਰ 'ਵਾਹਿਗੁਰੂ' ਵੀ ਕਿਹਾ। ਇਨ੍ਹਾਂ ਸਾਰੇ ਨਾਵਾਂ ਦਾ ਸਪੱਸ਼ਟ ਅਰਥ ਹੈ 'ਪਰਤਖੵ ਹਰਿ'।

The tenth Master has repeatedly addressed Lord Krishna as **Hari Rai**, **Hari ji**, **Bhagwan**, **Kartar**, **Karuna nidhi**, **Jag ke Pati**, **Achut**, etc., all different attributive Names of God. Then why should we have any problem, if such Names are attributed to Sri Krishna as **Mohan, Maadhav, Thakur, Murari, Ramayya**, **Kawlapati**, **Sri Narayna**, **Naame ka Suami** etc. and Bhai Gurdas ji as **Hari ji**, **Jagdees** and **Thakur** etc. *op.cit.* All these are also attributive Names of God. In Sri Guru Granth Sahib, many times, He has been addressed to as **Waheguru** even. Keeping all above in mind, it is clear that all these Names mean – '**God-Manifest**'.

**ਸਾਲ ਬਿਤੀਤ ਭਇਓ ਜਬ ਹੀ ਹਰਿ ਜੀ ਬਨ ਬੀਚ ਗਏ ਦਿਨ ਕਉਨੈ॥**
**ਦੇਖਨ ਕਉਤਕ ਕੌ ਚਤੁਰਾਨਨ ਸੀਘ੍ਰ ਭਯੋ ਤਿਹ ਕੋ ਉਠਿ ਗਉਨੈ॥**

**ਅਰਥ** : ਉਪਰੋਕਤ ਘਟਨਾ ਨੂੰ ਇਕ ਸਾਲ ਇੰਵ ਹੀ ਬੀਤ ਗਿਆ। ਤਾਂ ਜਦੋਂ ਕਿਸੇ ਦਿਨ, ਜਦੋਂ 'ਹਰਿ ਜੀ', ਸ੍ਰੀ ਕ੍ਰਿਸ਼ਨ ਜੀ, ਬਿੰਦਰਾਬਨ ਵਿਚ ਗਏ ਹੋਏ ਸਨ :

– – ਤਾਂ ਅਚਾਨਕ ਖਿਆਲ ਆਉਣ ਤੇ, ਕੌਤਕ ਦੇਖਣ ਲਈ, ਬ੍ਰਹਮਾ ਕਾਹਲੀ ਨਾਲ ਉਧਰ ਨੂੰ ਉਠ ਕੇ ਭਜਿਆ।

After the above incident, one year passed. All of a sudden, when one day, in routine, **Hari ji** was in Bindraban, Brahma hastened to see the game result of his kidnappings.

**ਗ੍ਵਾਰ ਵਹੈ ਬਛੁਰੇ ਸੰਗਿ ਹੈ ਵਹ ਚਕ੍ਰਿਤ ਜਾਇ ਗਇਓ ਹੁਇ ਤਉਨੈ॥**

**ਦੇਖਿ ਤਿਨੈ ਡਰਿ ਕੈ ਪਰਿ ਪਾਇਨ ਆਇ ਕੈ ਆਨੰਦ ਦੁੰਦਭਿ ਛਉਨੈ॥੧੮੫॥**

**ਅਰਥ :** ਦੇਖਦਾ ਹੈ ਕਿ ਉਹ ਹੀ ਗੁਆਲ ਬਾਲਕ ਅਤੇ ਬਛਰੇ, ਸ੍ਰੀ ਕ੍ਰਿਸ਼ਨ ਜੀ ਦੇ ਸੰਗ ਹਨ ਤਾਂ ਬਹੁਤ ਚਕਿਤ ਹੋਇਆ ਤਾਂ

-- ਉਨ੍ਹਾਂ ਨੂੰ ਵੇਖ ਕੇ ਡਰ ਗਿਆ ਅਤੇ ਅਨੰਦ ਵਿਭੋਰ ਵੀ ਹੋ, ਦੁੰਦਭਿ, ਭਾਵ, ਧੌਂਸਾ ਵਜਾਉਂਦਾ ਹੋਇਆ, ਛਉਨੈ, ਭਾਵ, ਬਾਲਕ ਦੀ ਨਿਆਈਂ, ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿਚ ਪੈ ਗਿਆ।੧੮੫।

He was highly surprised to see the Game of Lord Krishna, that all the calves and Companion-boys were with the Lord. He was scared and blissful at the same time. Beating the trumpet he, like a child, hastened to fall on the feet of Sri Krishna.185.

**ਬ੍ਰਹਮਾ ਬਾਚ ਕਾਨ੍ਹ ਜੂ ਪ੍ਰਤਿ ॥**

**ਅਰਥ** : ਬ੍ਰਹਮਾ ਜੀ ਦੇ ਕਾਹਨ ਜੀ ਪ੍ਰਤੀ ਬਚਨ ।।

Discussion between Brahma and Lord Krishna

**ਸਵੈਯਾ ॥**

**ਹੇ ਕਰੁਣਾ ਨਿਧਿ ਹੇ ਜਗ ਕੇ ਪਤਿ ਅਚੁਤ ਹੇ ਬਿਨਤੀ ਸੁਨ ਲੀਜੈ॥**
**ਚੂਕ ਭਈ ਹਮ ਤੇ ਤੁਮਰੀ ਤਿਹ ਤੇ ਅਪਰਾਧ ਛਿਮਾਪਨ ਕੀਜੈ॥**

**ਅਰਥ :** ਸਵੈਯਾ, ਛੰਦ ਦਾ ਇਕ ਪ੍ਰਕਾਰ ਹੈ। ਬ੍ਰਹਮਾ ਨੇ ਦੀਨ ਹੋ ਕੇ ਬੇਨਤੀ ਕੀਤੀ ਕਿ 'ਹੇ **ਕਰੁਣਾ ਦੇ ਖ਼ਜ਼ਾਨੇ** ! ਹੇ **ਜਗਤ ਦੇ ਸੁਆਮੀ** ! ਹੇ **ਅਚੁਤ** ! ਮੇਰੀ ਇਕ ਬੇਨਤੀ ਸੁਣ ਲਉ।

-- ਸਾਡੇ ਤੋਂ ਤੁਹਾਡੇ ਪ੍ਰਤੀ ਭੁਲ ਹੋ ਗਈ ਹੈ, ਇਸ ਅਪਰਾਧ ਨੂੰ ਖਿਮਾਂ ਕਰ ਦਿਓ ਜੀ।

Swayya is one kind of Chhand, a kind of Punjabi poetry. Very humbly, Brahma prayed, 'O **Treaure of kindness**, **Owner of the universe, Devoid of Births** ! kindly pay heed to my prayer. I have committed a blunder to you. Kindly pardon me.

**ਕਾਨ੍ਹ ਕਹੀ ਇਹ ਬਾਤ ਛਿਮੀ ਹਮ ਨ ਬਿਖ ਅੰਮ੍ਰਿਤ ਛਾਡਿ ਕੈ ਪੀਜੈ॥**
**ਲਿਆਉ ਕਹਿਓਨ ਲਿਆਇ ਹੌ ਜਾਹ ਸਿਤਾਬ ਅਈਯੋ ਨਹੀ ਢੀਲ ਕਰੀਜੈ॥੧੮੬॥**

**ਅਰਥ :** ਕਾਨ੍ਹ, ਸ੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ ਤੁਹਾਡੀ ਇਸ ਗਲਤੀ ਦੀ ਖਿਮਾਂ ਦੇ ਦਿਤੀ। ਅਸੀਂ ਖਿਮਾ ਰੂਪੀ ਅੰਮ੍ਰਿਤ ਛਡ ਕੇ ਬਿਖ ਨਹੀਂ ਖਾਂਦੇ।

-- ਸ੍ਰੀ ਕ੍ਰਿਸ਼ਨ ਜੀ ਨੇ ਹੁਕਮ ਕੀਤਾ ਕਿ ਛੇਤੀ ਜਾਉ, ਦੇਰ ਨ ਲਾਇਓ ਅਤੇ ਜਾ ਕੇ ਸਭ ਨੂੰ ਲੈ ਆਉ ਅਤੇ ਬ੍ਰਹਮਾ ਨੇ '**ਜੀ**' ਕਿਹਾ।੧੮੬।

**Kaahn**, Lord Krishna said that you are pardoned for this mistake. Leaving the Nectre of forgiveness, We don't eat poison of non-forgiveness.186.

ਇਸ ਤੋਂ ਬਾਅਦ ਬਿਰਤਾਂਤ ਹੈ ਕਿ ਬ੍ਰਹਮਾ, ਬਾਲਕਾਂ ਅਤੇ ਵਛਿਆਂ ਨੂੰ ਤੁਰਤ ਲੈ ਆਇਆ ਅਤੇ

ਸ੍ਰੀ ਕ੍ਰਿਸ਼ਨ ਜੀ ਨੇ ਪਹਿਲਾਂ ਪ੍ਰਗਟ ਕੀਤੇ ਵੱਛੇ ਅਤੇ ਬਾਲਕ ਤੁਰੰਤ ਅਲੋਪ ਕਰ ਦਿਤੇ।

After that, it has been mentioned by Sri Guru Gobind Singh, that, then Brahma brought the kidnapped calves and boys, at once and Sri Krishna made the thus created calves and boys disappear.

